# ਖ਼ਾਲਸਾ ਮੈਨੇਜਮੈਂਟ ਵੱਲੋਂ 775 ਕਿਲੋਵਾਟ ਵਾਲੇ ਊਰਜਾ ਪ੍ਰਾਜੈਕਟ ਦਾ ਦਿੱਲੀ ਦੀ ਕੰਪਨੀ ਨਾਲ ਸਮਝੌਤਾ

## ਸੱਤਿਆਜੀਤ ਮਜੀਠੀਆ ਨੇ ਸੂਰਜੀ ਊਰਜਾ ਵਾਲੇ 'ਸੋਲਰ ਪਾਵਰ ਪਲਾਂਟ ਪ੍ਰਾਜੈਕਟ' ਦਾ ਕੀਤਾ ਉਦਘਾਟਨ

ਅੰਮ੍ਰਿਤਸਰ, 18 ਅਗਸਤ (ਮਮਤਾ)- ਖ਼ਾਲਸਾ ਕਾਲਜ ਮੈਨੇਜਮੈਂਟ ਵੱਲੋਂ ਬਿਜਲੀ ਬਚਾਉਣ, ਪ੍ਰਦੂਸ਼ਣ ਰਹਿਤ ਸਾਫ਼ਕਸੁਥਰੀ ਊਰਜਾ ਪ੍ਰਦਾਨ ਕਰਨ ਤੇ ਵਾਤਾਵਰਣ ਪ੍ਰਤੀ ਆਪਣੀ ਅਹਿਮ ਜ਼ਿੰਮੇਵਾਰੀ ਨੂੰ ਨਿਭਾਉਣ ਦੇ ਮਨੋਰਥ ਨਾਲ ਅੱਜ ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਦੇ ਪ੍ਰਧਾਨ ਸੱਤਿਆਜੀਤ ਸਿੰਘ ਮਜੀਠੀਆ ਵੱਲੋਂ ਸੋਲਰ ਸਿਸਟਮ ਪ੍ਰਾਜੈਕਟ ਦਾ ਉਦਘਾਟਨ ਕੀਤਾ ਗਿਆ। ਇਸ ਸਮੇਂ ਉਨ੍ਹਾਂ ਨਾਲ ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਤੇ ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਤੋਂ ਇਲਾਵਾ ਮੈਨੇਜਮੈਂਟ ਦੇ ਅਹੁਦੇਦਾਰ, ਕਾਲਜ ਪ੍ਰਿੰਸੀਪਲ ਤੇ ਹੋਰ ਸਟਾਫ਼ ਹਾਜ਼ਰ ਸੀ। ਖ਼ਾਲਸਾ ਮੈਨੇਜਮੈਂਟ ਦੇ ਯਤਨਾਂ ਸਦਕਾ ਹੁਣ ਸਮੂਹ ਵਿੱਦਿਅਕ ਅਦਾਰੇ ਸੂਰਜੀ ਊਰਜਾ ਨਾਲ ਰੁਸ਼ਨਾਉਣਗੇ।

ਇਸ ਮੌਕੇ ਮਜੀਠੀਆ ਨੇ ਗੱਲਬਾਤ ਕਰਦਿਆਂ ਕਿਹਾ ਕਿ ਗੁਰੂ ਨਗਰੀ ਦੀ ਪਹਿਲੀ ਸਿਰਮੌਰ ਵਿੱਦਿਅਕ ਸੰਸਥਾ ਖ਼ਾਲਸਾ ਕਾਲਜ ਮੈਨੇਜਮੈਂਟ ਅਧੀਨ ਚੱਲਣ ਵਾਲੇ ਸਮੂਹ ਵਿੱਦਿਅਕ ਅਦਾਰੇ ਹਨ, ਜਿਨ੍ਹਾਂ 'ਚ ਕੁਦਰਤੀ ਬਿਜਲੀ ਦੀ ਪੈਦਾਵਾਰ ਹੋਵੇਗੀ। ਉਨ੍ਹਾਂ ਕਿਹਾ ਕਿ ਵਾਤਾਵਰਣ ਨੂੰ ਸਾਫ਼ਕਸੁਥਰਾ ਰੱਖਣ ਅਤੇ ਬਿਜਲੀ ਬਚਾਉਣ 'ਚ ਪਹਿਲਕਦਮੀ ਕਰਦਿਆਂ ਦਿੱਲੀ ਦੀ ਪ੍ਰਸਿੱਧ ਕੰਪਨੀ 'ਐਂਮਪਲੱਸ ਐਨਰਜੀ ਸਾਲਿਊਸ਼ਨ ਪ੍ਰਾਈਵੇਟ ਲਿਮਟਿਡ' ਦੇ ਐੱਮ. ਡੀ. ਤੇ ਸੀ. ਈ. ਓ. ਸੰਜੀਵ ਅਗਰਵਾਲ ਨਾਲ ਇਕਰਾਰਨਾਮਾ ਕੀਤਾ ਗਿਆ ਸੀ, ਜੋ ਕਿ ਮੈਨੇਜਮੈਂਟ ਵੱਲੋਂ ਲਾਗੂ ਕਰ ਦਿੱਤਾ ਗਿਆ ਹੈ, ਜਿਸ ਦੇ ਮੱਦੇਨਜ਼ਰ ਬਿਜਲੀ ਉਤਪਾਦ 'ਚ 775 ਕਿਲੋਵਾਟ ਦੇ ਊਰਜਾ ਪ੍ਰਾਜੈਕਟ ਸੰਸਥਾਵਾਂ 'ਚ ਲੱਗਣ ਦੀ ਸ਼ੁਰੂਆਤ ਹੋ ਗਈ ਹੈ ਅਤੇ ਮੈਨੇਜਮੈਂਟ ਅਧੀਨ ਸਮੂਹ ਅਦਾਰਿਆਂ 'ਚ ਸੋਲਰ ਊਰਜਾ ਨੂੰ ਲਾਗੂ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਕੌਂਸਲ ਦੇ ਆਨਰੇਰੀ ਸਕੱਤਰ ਛੀਨਾ ਨੇ ਕਿਹਾ ਕਿ ਇਸ ਪ੍ਰਾਜੈਕਟ ਤਹਿਤ ਕਾਲਜ ਦੇ ਹੋਸਟਲਾਂ ਨੂੰ ਪਹਿਲ ਦੇਣ ਤੋਂ ਇਲਾਵਾ ਕੰਟੀਨਾਂ ਤੇ ਕਲਾਸਰੂਮਾਂ 'ਚ ਵੀ ਸੋਲਰ ਸਿਸਟਮ ਰਾਹੀਂ ਬਿਜਲੀ ਦਾ ਵਿਤਰਣ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸਾਰੇ ਪ੍ਰਾਜੈਕਟ ਚਾਲੂ ਹੋ ਚੁੱਕੇ ਹਨ ਅਤੇ ਕੰਪਨੀ ਵੱਲੋਂ ਹੁਣ ਇਸ ਵੇਲੇ ਖ਼ਾਲਸਾ ਕਾਲਜ, ਖ਼ਾਲਸਾ ਕਾਲਜ ਫ਼ਾਰ ਵੂਮੈਨ, ਖ਼ਾਲਸਾ ਕਾਲਜ ਆਫ਼ ਲਾਅ, ਖ਼ਾਲਸਾ ਕਾਲਜ ਆਫ਼ ਨਰਸਿੰਗ, ਖ਼ਾਲਸਾ ਕਾਲਜ ਆਫ਼ ਵੈਟਰਨਰੀ ਐਂਡ ਐਨੀਮਲ ਸਾਇੰਸਸ, ਖ਼ਾਲਸਾ ਕਾਲਜ ਗਰਲਜ਼ ਸੀਨੀ. ਸੈਕੰ. ਸਕੂਲ, ਖ਼ਾਲਸਾ ਕਾਲਜ ਆਫ਼ ਫਾਰਮੇਸੀ, ਖ਼ਾਲਸਾ ਕਾਲਜ ਸੀਨੀ. ਸੈਕੰ. ਸਕੂਲ, ਖ਼ਾਲਸਾ ਕਾਲਜ ਆਫ਼ ਇੰਜੀਨੀਅਰਿੰਗ ਐਂਡ ਟੈਕਨਾਲੋਜੀ ਰਣਜੀਤ ਐਵੀਨਿਊ, ਖ਼ਾਲਸਾ ਕਾਲਜ ਪਬਲਿਕ ਸਕੂਲ ਜੀ. ਟੀ. ਰੋਡ ਅਤੇ ਕਾਲਜ ਦੇ ਸਮੂਹ ਹੋਸਟਲਾਂ 'ਤੇ ਸੋਲਰ ਸਿਸਟਮ ਚਾਲੂ ਕਰ ਦਿੱਤਾ ਗਿਆ ਹੈ।

ਉਨ੍ਹਾਂ ਕਿਹਾ ਕਿ ਵਿਸ਼ਵ 'ਚ ਊਰਜਾ ਦੀ ਘਾਟ ਨੂੰ ਦੂਰ ਕਰਨ ਲਈ ਸੋਲਰ ਪਾਵਰ ਇਕ ਲਾਹੇਵੰਦ ਹੱਲ ਹੈ। ਇਹ ਕੁਦਰਤੀ ਊਰਜਾ ਸਰੋਤਾਂ 'ਚੋਂ ਇਕ ਹੈ ਅਤੇ ਇਹ ਵਾਤਾਵਰਣ ਅਨੁਕੂਲ ਹੈ। ਛੀਨਾ ਨੇ ਕਿਹਾ ਇਸ ਪ੍ਰਾਜੈਕਟ ਸਬੰਧੀ ਪੰਜਾਬ ਪਾਵਰਕਾਮ ਕਾਰਪੋਰੇਸ਼ਨ ਨਾਲ ਵੀ ਵਾਰਤਾਲਾਪ ਕੀਤਾ ਗਿਆ ਸੀ ਅਤੇ ਸਰਵੇਖਣ ਉਪਰੰਤ ਬਿਜਲੀ ਉਤਪਾਦ 'ਚ 775 ਮੈਗਾਵਾਟ ਦੇ ਊਰਜਾ ਪ੍ਰਾਜੈਕਟ ਸੰਸਥਾਵਾਂ 'ਚ ਲਾਏ ਗਏ ਹਨ। ਇਤਿਹਾਸਕ ਇਮਾਰਤਾਂ 'ਤੇ ਸੋਲਰ ਪੈਨਲ ਦਾ ਕੋਈ ਅਸਰ ਨਹੀਂ ਹੋਵੇਗਾ ਕਿਉਂਕਿ ਕੰਪਨੀ ਨੇ ਲਿਖ਼ਤੀ ਰੂਪ 'ਚ ਇਕਰਾਰ ਕੀਤਾ ਹੈ ਕਿ ਇਮਾਰਤਾਂ ਨੂੰ ਕਿਸੇ ਕਿਸਮ ਦਾ ਨੁਕਸਾਨ ਜਾਂ ਹਾਨੀ ਨਹੀਂ ਪਹੁੰਚਾਈ ਜਾਵੇਗੀ। ਉਨ੍ਹਾਂ ਕਿਹਾ ਕਿ ਸੂਰਜੀ ਊਰਜਾ ਰਾਹੀਂ ਪਾਵਰ ਕੱਟਾਂ ਨਾਲ ਨਜਿੱਠਣ 'ਚ ਵੀ ਮਦਦ ਮਿਲੇਗੀ ਕਿਉਂਕਿ ਪਾਵਰ ਸਪਲਾਈ ਨਿਰਵਿਘਨ ਜਾਰੀ ਰਹੇਗੀ ਅਤੇ ਪਾਵਰ ਫੇਲਰ ਦੌਰਾਨ ਡੀਜ਼ਲ ਜਨਰੇਟਰਾਂ ਦੀ ਵਰਤੋਂ ਬਹੁਤ ਜ਼ਿਆਦਾ ਕਮੀ ਆਵੇਗੀ।

ਇਸ ਮੌਕੇ ਸੋਸਾਇਟੀ ਦੇ ਵਿੱਤ ਸਕੱਤਰ ਗੁਣਬੀਰ ਸਿੰਘ, ਵਧੀਕ ਆਨਰੇਰੀ ਸਕੱਤਰ ਜਤਿੰਦਰ ਸਿੰਘ ਬਰਾੜ, ਜੁਆਇੰਟ ਸਕੱਤਰ ਅਜਮੇਰ ਸਿੰਘ ਹੇਰ, ਰਾਜਬੀਰ ਸਿੰਘ, ਸਰਦੂਲ ਸਿੰਘ ਮੰਨਨ, ਕਰਤਾਰ ਸਿੰਘ ਗਿੱਲ, ਮੈਂਬਰ ਪਰਮਜੀਤ ਸਿੰਘ ਬੱਲ, ਅਜੀਤ ਸਿੰਘ ਬੱਸਰਾ, ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।



ਸੱਤਿਆਜੀਤ ਸਿੰਘ ਮਜੀਠੀਆ ਸੋਲਰ ਪਾਵਰ ਪਲਾਂਟ ਦਾ ਉਦਘਾਟਨ ਕਰਦੇ ਹੋਏ, ਨਾਲ ਰਜਿੰਦਰ ਮੋਹਨ ਸਿੰਘ ਛੀਨਾ, ਗੁਣਬੀਰ ਸਿੰਘ, ਪ੍ਰਿੰਸੀਪਲ ਡਾ. ਮਹਿਲ ਸਿੰਘ ਤੇ ਹੋਰ ਸ਼ਖਸੀਅਤਾਂ। (ਸਰਬਜੀਤ)

Scanned by CamScanner